ਪੀ.ਐਮ. ਕੁਸਮ ਸਕੀਮ

ਕੰਪੋਨੈਂਟ - ਸੀ 1 (ਆਈ.ਪੀ.ਐਸ.)

ਅਧੀਨ

ਪੰਜਾਬ ਵਿੱਚ ਸਿੰਚਾਈ ਲਈ

ਗ੍ਰਿਡ ਕਨੈਕਟਿਡ ਐਗਰੀਕਲਚਰ ਸੋਲਰ ਪੰਪ

ਲਗਾਉਣ ਸਬੰਧੀ ਜਾਣਕਾਰੀ ।

200 ਗ੍ਰਿਡ-ਕੁਨੈਕਟਿੰਡ ਵਿਅਕਤੀਗਤ ਖੇਤੀਬਾੜੀ ਪੰਪਾਂ ਦੀ ਸੋਲਰਾਈਜ਼ੇਸ਼ਨ ਲਈ ਪ੍ਰੋਜੈਕਟ

ਫੰਡਿੰਗ ਢਾਂਚਾ

MNRE, ਭਾਰਤ ਸਰਕਾਰ ਸ਼ੇਅਰ (ਲਗਭੱਗ 9%)

ਪੰਜਾਬ ਸਰਕਾਰ ਦਾ ਹਿੱਸਾ (ਲਗਭੱਗ 81%)

ਕਿਸਾਨ ਹਿੱਸੇਦਾਰੀ (10%)

ਪੰਜਾਬ, ਇੱਕ ਖੇਤੀਬਾੜੀ ਰਾਜ ਹੈ ਅਤੇ ਭਾਰਤ ਦੇ ਅਨਾਜ ਉਤਪਾਦਨ ਦਾ ਲਗਭੱਗ 60% ਯੋਗਦਾਨ ਪਾਉਂਦਾ ਹੈ। ਇਸ ਪ੍ਰਾਪਤੀ ਨੂੰ ਇੱਕ ਮਜ਼ਬੂਤ ਸਿੰਚਾਈ ਨੈਟਵਰਕ, ਇਲੈਕਟ੍ਰਿਕ ਮੋਟਰ ਪੰਪਾਂ ਅਤੇ ਡੀਜ਼ਲ ਪੰਪ ਸੈੱਟਾਂ ਦੁਆਰਾ ਸਮਰਥਨ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵਿਅਕਤੀਗਤ ਪੰਪ ਸੋਲਰਾਈਜ਼ ਕਰਨ ਲਈ ਇੱਕ ਵਿਲੱਖਣ ਪਾਇਲਟ (ਖੋਜ ਅਤੇ ਵਿਕਾਸ) ਸਕੀਮ ਤਹਿਤ ਨਵੀਨਤਾਕਾਰੀ ਯੋਜਨਾ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ-ਕੁਸੁਮ ਦੇ ਕਾਂਪੋਨੇਂਟ-C1 ਦੇ ਅਧੀਨ ਕੰਮ ਕਰ ਰਹੀ ਹੈ ।

ਪਾਇਲਟ ਦੀਆਂ ਮੁੱਖ ਵਿਸ਼ੇਸ਼ਤਾਵਾਂ:

1. ਪੈਮਾਨਾ: 3 ਫੀਡਰਾਂ ਵਿੱਚ ਪਾਇਲਟ ਵਜੋਂ ਲਗਭਗ 200 ਇਲੈਕਟ੍ਰਿਕ ਪੰਪਾਂ (ਔਸਤਨ ~ 15 ਐਚਪੀ) ਦਾ ਸੋਲਰਾਈਜ਼ੇਸ਼ਨ : 11 ਕੇਵੀ ਪੀਰਕੋਟ ਟੀਡਰ (ਜ਼ਿਲ੍ਹਾ- ਬਠਿੰਡਾ), 11 ਕੇਵੀ ਕੁਰਾਲੀ ਫੀਡਰ (ਜ਼ਿਲ੍ਹਾ- ਐਸ.ਏ.ਐਸ. ਨਗਰ), ਅਤੇ 11 ਕੇਵੀ ਰੰਗੀਆਂ ਫੀਡਰ (ਜ਼ਿਲ੍ਹਾ- ਸੰਗਰੂਰ)

2. ਪੰਪ ਬਦਲਣਾ: ਮੌਜੂਦਾ ਪੰਪਾਂ ਨੂੰ ਬਰਾਬਰ ਸਮਰੱਥਾ ਦੇ ਊਰਜਾ-ਕੁਸ਼ਲ ਏਸੀ ਪੰਪਾਂ ਨਾਲ ਬਦਲਿਆ ਜਾਵੇਗਾ

3. ਨੈੱਟਬਿਲਿੰਗ: ਸਿੰਚਾਈ ਲਈ ਸੂਰਜੀ ਉਤਪਾਦਨ, ਸੂਰਜੀ ਨਿਰਯਾਤ ਅਤੇ ਗਰਿੱਡ ਬਿਜਲੀ ਦੀ ਖਪਤ ਦੀ ਨਿਗਰਾਨੀ ਕਰਨ ਲਈ ਬਾਈ-ਡਾਇਰੈਕਸ਼ਨਲ ਮੀਟਰ ਅਤੇ ਸੋਲਰ ਊਰਜਾ ਸਮਾਰਟ ਮੀਟਰ ਲਗਾਏ ਜਾਣਗੇ। ਕਿਸਾਨਾਂ ਦੇ ਪੰਪ ਨੂੰ ਹਮੇਸ਼ਾ ਦਿਨ ਦੇ ਸਮੇਂ ਬਿਜਲੀ ਉਪੱਲਬਧ ਹੋਵੇਗੀ, ਇਹ ਸੂਰਜੀ ਊਰਜਾ ਦੁਆਰਾ ਵੀ ਸੰਚਾਲਿਤ ਹੋਣਗੇ। ਪੰਪ ਗਰਿੱਡ ਪਾਵਰ ਉਦੋਂ ਹੀ ਪ੍ਰਾਪਤ ਕਰੇਗਾ ਜਦੋਂ ਸੂਰਜੀ ਉਤਪਾਦਨ ਵਿੱਚ ਕਮੀ ਆਵੇਗੀ। ਵਾਧੂ ਸੂਰਜੀ ਉਤਪਾਦਨ ਹੋਈ ਊਰਜਾ ਨੂੰ ਗਰਿੱਡ ਵਿਚ ਵਾਪਸ ਨਿਰਯਾਤ ਕੀਤਾ ਜਾਵੇਗਾ। ਕਿਸਾਨ ਨੂੰ "ਨੈਟ ਬਿੱਲ" ਦਿੱਤਾ ਜਾਵੇਗਾ ਅਤੇ ਗਰਿੱਡ ਵਿਚ ਨਿਰਯਾਤ ਕੀਤੀ ਗਈ ਨੈਟ ਊਰਜਾ ਲਈ ਭੁਗਤਾਨ ਕੀਤਾ ਜਾਵੇਗਾ। ਜੇ ਕਿਸਾਨ ਗਰਿੱਡ ਤੋਂ ਖੇਤੀਬਾੜੀ ਲਈ ਨੈਟ ਬਿਜਲੀ ਲੈਂਦੇ ਹਨ, ਤਾਂ ਵੀ ਉਨ੍ਹਾਂ ਨੂੰ ਕੋਈ ਭੁਗਤਾਨ ਨਹੀਂ ਕਰਨਾ ਪਵੇਗਾ। ਇਸ ਪ੍ਰੋਜੈਕਟ ਲਈ ਚੁਣੇ ਗਏ ਫੀਡਰਾਂ ਨੂੰ ਦਿਨ ਦੇ ਸਮੇਂ ਚਾਲੂ ਰੱਖਿਆ ਜਾਵੇਗਾ। ਬਾਈ ਡਾਇਰੈਕਸ਼ਨਲ ਮੀਟਰ ਅਤੇ ਸੋਲਰ ਊਰਜਾ ਸਮਾਰਟ ਮੀਟਰਾਂ ਦੀ ਸਥਾਪਨਾ ਦੀ ਲਾਗਤ ਨੂੰ ਪ੍ਰੋਜੈਕਟ ਦੀ ਕੁੱਲ ਲਾਗਤ ਦਾ ਹਿੱਸਾ ਬਣਾਇਆ ਗਿਆ ਹੈ । ਖਰਾਬ ਮੀਟਰਾਂ ਨੂੰ ਬਦਲਣਾ ਪੀਐਸਪੀਸੀਐਲ ਦੀ ਜਿੰਮੇਵਾਰੀ ਤੈਅ ਕੀਤੀ ਗਈ ਹੈ ।

4. ਕਿਸਾਨਾਂ ਨੂੰ ਮੁਆਵਜ਼ਾ: ਕਿਸਾਨਾਂ ਨਾਲ 25 ਸਾਲਾਂ ਦਾ ਰਸਮੀ ਇਕਰਾਰਨਾਮਾ ਕੀਤਾ ਜਾਵੇਗਾ, ਜਿਸ ਵਿੱਚ ਉਹ ਵਾਧੂ ਸੋਲਰ ਊਰਜਾ ਨੂੰ ਪਹਿਲੇ 5 ਸਾਲਾਂ ਲਈ ₹2.5 ਪ੍ਰਤੀ ਯੂਨਿਟ ਅਤੇ ਬਾਅਦ ਦੇ 20 ਸਾਲਾਂ ਲਈ ₹2/- ਪ੍ਰਤੀ ਯੂਨਿਟ ਦੇ ਇੰਨਸੈਨਟਿਵ 'ਤੇ ਵੇਚ ਸਕਣਗੇ। ਸ਼ੁਰੂਆਤੀ ਪੰਜ ਸਾਲਾਂ ਦੌਰਾਨ ਉੱਚ ਪ੍ਰੋਤਸਾਹਨ, (₹2.5 ਪ੍ਰਤੀ ਯੂਨਿਟ) ਕਿਸਾਨਾਂ ਨੂੰ ਪਾਇਲਟ ਪ੍ਰੋਜੈਕਟ ਵਿੱਚ ਆਪਣੇ ਨਿਵੇਸ਼ ਨੂੰ ਜਲਦੀ ਮੁੜ ਪ੍ਰਾਪਤ ਕਰਨ ਦੇ ਯੋਗ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਮਿਆਦ ਤੋਂ ਬਾਅਦ ਪ੍ਰੋਤਸਾਹਨ ਘਟਾਇਆ ਗਿਆ ਹੈ (₹2 ਪ੍ਰਤੀ ਯੂਨਿਟ) ਜੋ ਸਮੇਂ ਦੇ ਨਾਲ

ਨਵਿਆਉਣਯੋਗ ਊਰਜਾ ਲਾਗਤਾਂ ਵਿੱਚ ਅਨੁਮਾਨਤ ਗਿਰਾਵਟ ਨੂੰ ਵੀ ਦਰਸਾਉਂਦਾ ਹੈ, ਜੋ ਬਿਜਲੀ ਨੂੰ ਵਧੇਰੇ ਮੁਕਾਬਲੇ ਵਾਲੀਆਂ ਦਰਾਂ 'ਤੇ ਉਪੱਲਬਧ ਕਰਵਾਏਗਾ।

ਪਾਇਲਟ ਪ੍ਰੋਜੈਕਟ ਤਹਿਤ ਕਿਸਾਨਾਂ ਨੂੰ ਭੁਗਤਾਨ, ਪੰਜਾਬ ਸਰਕਾਰ ਦੁਆਰਾ ਇਨਸੈਨਟਿਵ ਵਜੋਂ ਕੀਤਾ ਜਾਵੇਗਾ ਜਿਸ ਲਈ ਰੈਗੂਲੇਟਰੀ ਪ੍ਰਵਾਨਗੀ ਦੀ ਲੋੜ ਨਹੀਂ ਹੋਵੇਗੀ। ਹਾਲਾਂਕਿ, ਪ੍ਰੋਜੈਕਟ ਦੇ ਭਵਿੱਖ ਦੇ ਪੈਮਾਨੇ ਲਈ, ਪਾਇਲਟ ਤੋਂ ਸਿੱਖਣ ਅਤੇ ਇਸਦੇ ਨਤੀਜਿਆਂ ਅਤੇ ਪ੍ਰਭਾਵ ਦਾ ਮੁਲਾਂਕਣ ਕਰਨ ਤੋਂ ਬਾਅਦ ਹੀ ਕਿਸਾਨ ਨੂੰ ਭੁਗਤਾਨ ਬਾਰੇ ਫੈਸਲਾ ਲਿਆ ਜਾਵੇਗਾ।

5. ਕਿਸਾਨਾਂ ਦੀ ਅਦਾਇਗੀ: ਕਿਸਾਨਾਂ ਦਾ ਆਕਰਸ਼ਣ ਵਧਾਉਣ ਲਈ, ਕਮਾਈ ਦੀ ਅਦਾਇਗੀ ਛਿਮਾਹੀ ਜੋ ਕਿ ਫਰਵਰੀ- ਜੁਲਾਈ ਅਤੇ ਅਗਸਤ-ਜਨਵਰੀ ਵਿਚ ਵੰਡੀ ਜਾਵੇਗੀ। ਇਹ ਛਿਮਾਹੀ ਅਦਾਇਗੀਆਂ, ਪੰਪਾਂ ਦੀ ਕੁਸ਼ਲ ਵਰਤੋਂ ਅਤੇ ਊਰਜਾ ਦੀ ਖਪਤ ਦੇ ਸਮੇਂ ਦੇ ਨਾਲ ਜੋੜਨ ਲਈ ਤਿਆਰ ਕੀਤੀਆਂ ਗਈਆਂ ਹਨ, ਖਾਸ ਤੌਰ 'ਤੇ ਜੂਨ- ਜੁਲਾਈ ਅਤੇ ਅਗਸਤ ਸਤੰਬਰ ਜੋ ਕਿ ਸੂਰਜੀ ਊਰਜਾ ਦੇ ਸਿਖਰ ਮਹੀਨੇ ਹਨ, ਇਨ੍ਹਾਂ ਨੂੰ ਉਪਰੋਕਤ ਛਮਾਹੀਆਂ ਵਿਚ ਬਰਾਬਰ ਵੰਡਿਆ ਗਿਆ। ਹੈ।

6. ਸੰਚਾਲਨ ਸਹਾਇਤਾ: ਭਾਗੀਦਾਰ ਕਿਸਾਨਾਂ ਦੁਆਰਾ ਊਰਜਾ ਉਤਪਾਦਨ, ਨਿਕਾਸੀ ਅਤੇ ਖਪਤ ਦੀ ਰੀਅਲ ਟਾਈਮ ਨਿਗਰਾਨੀ ਲਈ ਮੋਬਾਈਲ ਐਪ ਹੋਵੇਗੀ ਤਾਂ ਜੋ ਕਿ ਪਾਇਲਟ ਸਕੀਮ ਤੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਵਿੱਚ ਸਹਾਇਤਾ ਕਰੇਗੀ।

7. ਸੋਲਰ ਜਨਰੇਸ਼ਨ ਜਾਂ ਪੰਪ ਸਮਰੱਥਾ ਵਿੱਚ ਵਾਧਾ: ਜੇਕਰ ਪਾਣੀ ਦਾ ਪੱਧਰ ਹੇਠਾਂ ਆ ਜਾਂਦਾ ਹੈ ਤਾਂ ਕਿਸਾਨ ਆਪਣੀ ਲਾਗਤ 'ਤੇ ਸੋਲਰ ਅਤੇ ਪੰਪ ਸਮਰੱਥਾ ਵਧਾ ਸਕਣਗੇ, ਜੋ ਕਿ ਸਬੰਧਤ ਪ੍ਰਵਾਨਗੀਆਂ ਦੇ ਅਧੀਨ ਹੋਵੇਗਾ।

8. ਏਐਮਸੀ ਲਾਗਤ: ਸ਼ੁਰੂਆਤੀ ਪੰਜ ਸਾਲਾਂ ਲਈ ਏਐਮਸੀ (ਰਖ-ਰਖਾਵ) ਲਾਗਤਾਂ ਨੂੰ ਪ੍ਰੋਜੈਕਟ ਲਾਗਤ ਦੇ ਤਹਿਤ ਕਵਰ ਕੀਤਾ ਜਾਵੇਗਾ। ਟੈਂਡਰਿੰਗ ਪ੍ਰਕਿਰਿਆ ਰਾਹੀਂ ਚੁਣਿਆ ਗਿਆ ਸੂਚੀਬੱਧ ਵਿਕਰੇਤਾ ਪੰਜ ਸਾਲਾਂ ਦੀ ਇਸ ਸ਼ੁਰੂਆਤੀ ਮਿਆਦ ਲਈ ਰੱਖ-ਰਖਾਵ ਸੇਵਾਵਾਂ ਪ੍ਰਦਾਨ ਕਰੇਗਾ। ਇਸ ਮਿਆਦ ਤੋਂ ਬਾਅਦ, ਕਿਸਾਨ ਨੂੰ ਆਪਣੇ ਖਰਚੇ 'ਤੇ ਰਖ-ਰਖਾਵ ਖਰਚਿਆਂ ਦੀ ਜ਼ਿੰਮੇਵਾਰੀ ਲੈਣੀ ਹੋਵੇਗੀ ।

9. ਜਨਤਕ ਸੁਣਵਾਈਆਂ ਅਤੇ ਜਾਗਰੂਕਤਾ ਕੈਂਪ: ਪੀਐਸਪੀਸੀਐਲ ਦੁਆਰਾ ਪਛਾਣੇ ਗਏ 03 ਫੀਡਰਾਂ 'ਤੇ ਕਿਸਾਨਾਂ ਲਈ ਪੀਐਸਪੀਸੀਐਲ ਦੁਆਰਾ ਜਨਤਕ ਸੁਣਵਾਈਆਂ ਅਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ। ਇਨ੍ਹਾਂ ਪਹਿਲਕਦਮੀਆਂ ਦਾ ਉਦੇਸ਼ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨਾ ਅਤੇ ਪਾਇਲਟ ਪ੍ਰੋਜੈਕਟ ਦੇ ਲਾਭਾਂ ਬਾਰੇ ਜਾਗਰੂਕਤਾ ਵਧਾ ਕੇ ਉਨ੍ਹਾਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨਾ ਹੋਵੇਗਾ।

10. ਸਿਸਟਮ ਦੀ ਸਾਂਭ-ਸੰਭਾਲ ਬਾਰੇ ਕਿਸਾਨ ਸਿਖਲਾਈ: ਪੇਡਾ ਦੁਆਰਾ ਲੰਬੇ ਸਮੇਂ ਦੇ ਸੰਚਾਲਨ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਕਿਸਾਨਾਂ ਨੂੰ ਪੂਰੀ ਸੋਲਰ ਪੰਪਿੰਗ ਪ੍ਰਣਾਲੀ ਦੀ ਸਾਂਭ-ਸੰਭਾਲ ਬਾਰੇ ਸਿਖਲਾਈ ਦਿੱਤੀ ਜਾਵੇਗੀ।

11. ਖੇਤੀਬਾੜੀ ਸਬਸਿਡੀ ਦੇ ਵਿਰੁੱਧ ਨਿਰਯਾਤ ਕੀਤੀ ਵਾਧੂ ਊਰਜਾ ਦਾ ਪ੍ਰਬੰਧਨ: ਪੀਐਸਪੀਸੀਐਲ ਗਰਿੱਡ ਵਿੱਚ ਨਿਰਯਾਤ ਕੀਤੀ ਗਈ ਵਾਧੂ ਸੂਰਜੀ ਊਰਜਾ (11 ਕੇਵੀ ਫੀਡਰ ਤੋਂ ਪੀਐਸਪੀਸੀਐਲ ਗਰਿੱਡ ਦੇ ਬੱਸਬਾਰ ਤੱਕ) ਜਿੱਥੇ ਇਸ ਨੂੰ ਸਰਕਾਰ ਦੀ ਕੁੱਲ ਖੇਤੀਬਾੜੀ ਸਬਸਿਡੀ ਦੇ ਮੁਕਾਬਲੇ ਐਡਜਸਟ ਕੀਤਾ ਜਾਵੇਗਾ।ਇਸ ਦੇ ਨਾਲ ਪੀਐਸਪੀਸੀਐਲ ਸੰਭਾਵਿਤ ਵੰਡਣ ਵਾਲੀਆਂ ਲਾਗਤਾਂ, ਰੱਖ-ਰਖਾਅ ਆਦਿ ਲਈ ਮੁਆਵਜਾ / ਹੈਡਲਿੰਗ ਖਰਚਾ ਦਾ ਦਾਅਵਾ ਕਰ ਸਕਦੀ ਹੈ। ਹਲਾਂਕਿ ਜਦੋਂ ਪ੍ਰਾਜੈਕਟ ਨੂੰ ਵਧਾਇਆ ਜਾਵੇਗਾ ਤਾਂ ਇਹ ਲਾਗਤਾਂ ਲਾਗੂ ਕੀਤੀਆਂ ਜਾਣਗੀਆਂ ਪਰ ਪਾਇਲਟ ਪ੍ਰਾਜੈਕਟ ਦੇ ਮਕਸਦ ਲਈ ਇਨ੍ਹਾਂ ਨੂੰ ਛੱਡ ਦਿੱਤਾ ਗਿਆ ਹੈ।

ਇਸ ਯੋਜਨਾ ਦੇ ਹੇਠ ਲਿਖੇ ਲਾਭ ਹਨ: -

i. ਭੂਮੀਗਤ ਜਲ ਦੀ ਸੰਭਾਲ ।

ii. ਖੇਤੀਬਾੜੀ ਊਰਜਾ ਦੀ ਸੋਲਰਾਈਜ਼ੇਸ਼ਨ ਕਰਨਾ ।

iii. ਰਾਜ ਦੇ ਖੇਤੀਬਾੜੀ ਬਿਜਲੀ ਸਬਸਿਡੀ ਦੇ ਬੋਝ ਵਿੱਚ ਕਮੀ!

iv. ਟ੍ਰਾਂਸਮਿਸ਼ਨ ਅਤੇ ਵੰਡ ਘਾਟੇ ਵਿੱਚ ਕਮੀ।

V. ਕਿਸਾਨਾਂ ਦੀ ਆਮਦਨੀ ਵਿੱਚ ਵਾਧਾ।

vi. ਸਾਫ-ਸੁਥਰੀ, ਹਰਿਤ ਅਤੇ ਸਸਤੀ ਊਰਜਾ ਦਾ ਉਤਪਾਦਨ ।

vii. ਕਾਰਬਨ ਫੁੱਟਪ੍ਰਿੰਟ ਵਿੱਚ ਕਮੀ।

viii. ਨਵੀਨੀਕਰਨ ਯੋਗਤਾ ਦੀ ਖਰੀਦ ਜਵਾਬਦਾਰੀ (RPO) ਦੀ) ਦੀ ਪੂਰਤੀ।

ਅਨੁਸ਼ੀਲਨ ਅਤੇ ਵਿਕਾਸ ਪਾਇਲਟ ਪ੍ਰੋਜੈਕਟ ਦੇ ਲਾਗੂ ਕਰਨ ਵਿੱਚ ਵੱਖ-ਵੱਖ ਵਿਭਾਗ ਇਸ ਪਾਇਲਟ ਪ੍ਰੋਜੈਕਟ ਨੂੰ ਲਾਗੂ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣਗੇ:

1. ਪੰਜਾਬ ਊਰਜਾ ਵਿਕਾਸ ਏਜੰਸੀ (PEDA)

a) PEDA ਪਾਇਲਟ ਪ੍ਰੋਜੈਕਟ ਦੀ ਸਫਲ ਸਥਾਪਤੀ ਲਈ ਮੁਕੰਮਲ ਡਿਜ਼ਾਇਨ, ਜ਼ਮੀਨੀ ਪੱਧਰ ਤੇ ਲਾਗੂ ਕਰਨ, ਨਿਗਰਾਨੀ ਅਤੇ ਸਮਰਥਾ ਵਧਾਉਣ ਦੀ ਅਗਵਾਈ ਕਰੇਗਾ।

b) PEDA, ਜੋ ਕਿ ਪੰਜਾਬ ਵਿੱਚ PM-KUSUM ਸਕੀਮ ਲਈ ਰਾਜ ਦੀ ਸਥਾਪਤੀ ਏਜੰਸੀ (SIA) ਹੈ, ਗ੍ਰਿਡ-ਕਨੈਕਟਿਡ ਸੋਲਰ ਪੰਪ ਸੈਟਾਂ ਦੀ ਸਪਲਾਈ ਅਤੇ ਰੱਖ-ਰਖਾਅ ਲਈ ਵੈਂਡਰਾਂ ਨੂੰ ਬੋਰਡ 'ਤੇ ਲੈਣ ਲਈ RfP ਜਾਰੀ ਕਰੇਗਾ, ਜਿਸ ਵਿੱਚ ਚੁਣੇ ਹੋਏ ਵੈਂਡਰ ਦੁਆਰਾ 5 ਸਾਲਾਂ ਦੀ AMC ਦਿੱਤੀ ਜਾਵੇਗੀ।

c) C. PEDA ਸੋਲਰ ਪਾਵਰ ਪੰਪ ਸਿਸਟਮਾਂ ਦੀ ਸਥਾਪਨਾ, ਪ੍ਰਭਾਵਸ਼ਾਲੀ ਚਲਾਉਣ ਅਤੇ AMC ਦੀ ਨਿਗਰਾਨੀ ਕਰੇਗਾ ਅਤੇ ਇਸਦੀ ਯਕੀਨੀ ਬਣਾਏਗਾ।

d) PEDA, MNRE GoI ਨਾਲ CFA ਦੇ ਜਾਰੀ ਕਰਨ ਲਈ ਸਾਂਝੇਦਾਰੀ ਕਰੇਗਾ।

e) PEDA ਪਾਇਲਟ ਪ੍ਰੋਜੈਕਟ ਨਾਲ ਸੰਬੰਧਿਤ ਸਾਰੀਆਂ ਵਿੱਤੀ ਗਣਨਾ ਨੂੰ ਯਕੀਨੀ ਬਣਾਏਗਾ ਜਿਵੇਂ ਕਿ GoP ਅਤੇ ਕਿਸਾਨਾਂ ਤੋਂ ਫੰਡ ਲੈਣਾ ਅਤੇ ਕਿਸਾਨਾਂ ਨੂੰ ਊਰਜਾ ਨਿਰਯਾਤ ਲਈ ਭੁਗਤਾਨ ਕਰਨਾ।

f) PEDA ਕਿਸਾਨਾਂ ਨੂੰ ਉਨ੍ਹਾਂ ਦੁਆਰਾ ਤਿਆਰ ਕੀਤੀ ਗਈ ਅਤੇ ਰਾਜ ਗ੍ਰਿਡ ਵਿੱਚ ਵਾਪਸ ਭੇਜੀ ਗਈ ਅਧਿਕ ਊਰਜਾ ਲਈ, ਅੰਤਿਮ ਸਕੀਮ ਦਿਸ਼ਾ-ਨਿਰਦੇਸ਼ਾਂ ਅਨੁਸਾਰ ਭੁਗਤਾਨ ਕਰੇਗਾ ।

g) PEDA ਪਾਇਲਟ ਪ੍ਰੋਜੈਕਟ ਵਿਚ ਸ਼ਾਮਿਲ ਕਿਸਾਨਾਂ ਲਈ ਪੂਰੇ ਸੋਲਰ ਪੰਪ ਸਿਸਟਮ ਲਈ ਰੱਖ-ਰਖਾਅ 'ਤੇ ਟ੍ਰੇਨਿੰਗ ਦੇਵੇਗਾ, ਤਾਂ ਜੋ ਲੰਬੇ ਸਮੇਂ ਤੱਕ ਇਸਦੀ ਕਾਰਗੁਜ਼ਾਰੀ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਇਆ ਜਾ ਸਕੇ।

2. ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ (PSPCL)

a. PSPCL ਹੋਹ ਫੀਡਰਾਂ ਦੀ ਪਹਚਾਣ ਕਰੇਗਾ ਜਿਨ੍ਹਾਂ 'ਤੇ ਪਾਇਲਟ ਪ੍ਰੋਜੈਕਟ ਲਾਗੂ ਕੀਤਾ ਜਾਣਾ ਹੈ ।

b. PSPCL ਉਨ੍ਹਾਂ ਕਿਸਾਨਾਂ ਦੀ ਚੋਣ ਕਰੇਗਾ ਜੋ ਪਾਇਲਟ ਪ੍ਰੋਜੈਕਟ ਲਈ ਬੋਰਡ 'ਤੇ ਆਉਣਗੇ ਅਤੇ ਇਸ ਦੇ ਨਾਲ ਹੀ ਸ਼ਾਮਿਲ ਕਿਸਾਨਾਂ ਨਾਲ ਸਮਝੌਤਾ ਕਰੇਗਾ ਤਾਂ ਜੋ ਉਨ੍ਹਾਂ ਦੇ ਯੋਜਨਾ ਅਧੀਨ ਯੋਗਦਾਨ ਦਾ ਭੁਗਤਾਨ ਕੀਤਾ ਜਾ ਸਕੇ।

c. PSPCL ਸ਼ਾਮਿਲ ਕਿਸਾਨਾਂ ਦੇ ਪੰਪਾਂ 'ਤੇ ਦੋ-ਪੱਖੀ ਨੈਟ ਮੀਟਰਿੰਗ ਦੀ ਸੁਵਿਧਾ ਪ੍ਰਦਾਨ ਕਰੇਗਾ।

d. PSPCL ਇਹ ਯਕੀਨੀ ਬਣਾਏਗਾ ਕਿ ਕਿਸਾਨ ਨੂੰ ਬਿਜਲੀ ਸਪਲਾਈ ਵਿੱਚ ਕੋਈ ਵੀ ਤਕਲੀਫ ਨਾ ਹੋਵੇ, ਜ਼ਰੂਰਤ ਪਏ ਤਾਂ ਵਾਧੂ ਟ੍ਰਾਂਸਮਿਸ਼ਨ ਲਾਈਨ ਪ੍ਰਦਾਨ ਕਰੇਗਾ ਅਤੇ ਵਾਧੂ ਊਰਜਾ ਦੇ ਪ੍ਰਭਾਵਸ਼ਾਲੀ ਨਿਕਾਸ ਨੂੰ ਯਕੀਨੀ ਬਣਾਏਗਾ।

e. PSPCL ਪਾਇਲਟ ਪ੍ਰੋਜੈਕਟ ਦੀ ਸਫਲਤਾ ਲਈ ਲਾਗੂ ਕਰਨ ਲਈ ਜ਼ਰੂਰੀ ਮਦਦ ਪ੍ਰਦਾਨ ਕਰੇਗਾ।

f. PSPCL ਪੰਪਾਂ ਦੀ ਚੋਣ, ਕੁੱਲ ਪ੍ਰਭਾਵਸ਼ਾਲੀ ਲਾਗੂ ਕਰਨ ਅਤੇ ਪਾਇਲਟ ਦਾ ਮੁਲਾਂਕਣ ਕਰਨ ਲਈ ਹੇਠ ਲਿਖੇ ਡੇਟਾ ਪੁਆਇੰਟ ਪ੍ਰਾਪਤ ਕਰਨ ਵਿੱਚ ਸਹਾਇਤਾ ਪ੍ਰਦਾਨ ਕਰੇਗਾ:

i. ਚੁਣੇ ਗਏ ਪੰਪਾਂ ਦੀ ਮੌਜੂਦਾ ਖਪਤ

ii. ਚੁਣੇ ਗਏ ਪੰਪਾਂ ਦੇ ਪਾਣੀ ਦੇ ਪ੍ਰਵਾਹ ਦਰ

iii. ਚੁਣੇ ਗਏ ਪੰਪਾਂ ਦੇ ਖੇਤਰ ਵਿੱਚ ਜ਼ਮੀਨੀ ਜਲ ਦਾ ਹੇਠਲਾ ਪੱਧਰ

g. PSPCL ਪਾਇਲਟ ਪ੍ਰੋਜੈਕਟ ਨਾਲ ਸਬੰਧਿਤ ਸਾਰੀ ਊਰਜਾ ਗਿਣਤੀ ਨੂੰ ਯਕੀਨੀ ਬਣਾਏਗਾ ਜਿਵੇਂ ਕਿ ਸੋਲਰ ਊਰਜਾ ਉਤਪੱਤੀ, ਕਿਸਾਨਾਂ ਵੱਲੋਂ ਊਰਜਾ ਦੀ ਖਧਰ, ਊਰਜਾ ਨਿਰਯਾਤ ਆਦਿ।

h. PSPCL PEDA ਨੂੰ ਊਰਜਾ ਗਿਣਤੀ ਅਤੇ ਨੈੱਟ ਊਰਜਾ ਨਿਰਯਾਤ 'ਤੇ ਪੂਰੀ ਸੈਮੀ-ਸਾਲਾਨਾ ਡੇਟਾ ਪ੍ਰਦਾਨ ਕਰੇਗਾ ਤਾਂ ਜੋ ਕਿਸਾਨਾਂ ਨੂੰ ਪ੍ਰੇਰਣਾਵਾਂ ਦੇ ਗਿਣਤੀ ਅਤੇ ਭੁਗਤਾਨ ਲਈ ਸਹਾਇਤਾ ਕੀਤੀ ਜਾ ਸਕੇ।

i. PSPCL, PEDA ਅਤੇ ਖੇਤੀ ਅਤੇ ਕਿਸਾਨ ਭਲਾਈ ਵਿਭਾਗ ਨਾਲ ਮਿਲ ਕੇ PSPCL ਵੱਲੋਂ ਪਛਾਣ ਕੀਤੇ ਗਏ 03 ਫੀਡਰਾਂ 'ਤੇ ਕਿਸਾਨਾਂ ਲਈ ਜਨਤਾ ਸੁਣਵਾਈ ਅਤੇ ਜਾਗਰੂਕਤਾ ਕੈਂਪ ਕਰਵਾਏਗਾ ਅਤੇ ਉਨ੍ਹਾਂ ਨੂੰ ਪਾਇਲਟ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰੇਗਾ ।